JAI BHEEM

JAI BHARAT

≡BSP≡

# BAHUJAN SAMAJ PARTY PUNJAB

Jasvir Singh 'Garhi'
**PRESIDENT**
**STATE PUNJAB**
Residence :
VPO Garhi Kanugo, Tehsil Balachaur
Distt. Shaheed Bhagat Singh Nagar (Punjab) India
Mobile : 9478 670 587

**State Office Punjab:**
138, Tower Enclave, Phase-1
Nakodar Road, Jalandhar.
Tel: 0181-2685258 (O)
**Central Office:**
4, Gurdwara Rakabganj Road,
New Delhi
Tel: 011-227-13257 (O)

Ref. No. BSP GOV 1823/2 Dated 1.8.2023

**ਮਾਣਯੋਗ ਗਵਰਨਰ ਸਾਹਿਬ**

ਬੇਨਤੀ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ (ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਤੇ ਸਾਬਕਾ ਮੈਂਬਰ ਪਾਰਲੀਮੈਂਟ) ਜੀ ਦੇ ਨਿਰਦੇਸ਼ਾਂ ਵਿੱਚ, ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਤੇ ਵਿਪੁਲ ਕੁਮਾਰ ਜੀ ਦੀ ਦੇਖ ਰੇਖ ਵਿੱਚ ਬਸਪਾ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਜੀ ਦੀ ਅਗਵਾਈ ਹੇਠ ਪੰਜ ਮੈਂਬਰੀ ਵਫਦ ਜਿਸ ਵਿੱਚ ਡਾ. ਨਛੱਤਰ ਪਾਲ ਐਮ.ਐਲ.ਏ ਨਵਾਂਸ਼ਹਿਰ ਸੂਬਾ ਇੰਚਾਰਜ, ਸ੍ਰੀ ਅਜੀਤ ਸਿੰਘ ਭੈਣੀ ਸੂਬਾ ਇੰਚਾਰਜ, ਸ੍ਰੀ ਗੁਰਲਾਲ ਸੈਲਾ ਸੂਬਾ ਜਨਰਲ ਸਕੱਤਰ, ਡਾ. ਜਸਪ੍ਰੀਤ ਸਿੰਘ ਬੀਜਾ ਸੂਬਾ ਜਨਰਲ ਸਕੱਤਰ ਅੱਜ ਆਪ ਜੀ ਨਾਲ ਮੁਲਾਕਾਤ ਲਈ ਹਾਜਰ ਹੋਏ ਹਾਂ ਜਿਸ ਤਹਿਤ ਮੈਮੋਰੈਂਡਮ ਪੇਸ਼ ਹੈ -:

**ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਪੁਲਿਸ ਵਧੀਕੀਆਂ**

ਆਪ ਜੀ ਦੇ ਧਿਆਨਗੋਚਰ ਕੀਤਾ ਜਾਂਦਾ ਹੈ ਕਿ ਜਲੰਧਰ ਅਤੇ ਹੁਸ਼ਿਆਰਪੁਰ ਜਿਲੇ ਵਿੱਚ ਪੰਜਾਬ ਪੁਲਿਸ ਵੱਲੋਂ ਅਨੁਸੂਚਿਤ ਜਾਤੀਆਂ ਭਾਈਚਾਰੇ ਅਤੇ ਗਰੀਬਾਂ ਤੇ ਵੱਡੇ ਪੱਧਰ ਸੁਣਵਾਈ ਨਾ ਕਰਨ ਅਤੇ ਝੂਠੇ ਪਰਚੇ ਦਰਜ ਕਰਨ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਜਿੱਥੇ ਜਿਲ੍ਹਾ ਹੁਸ਼ਿਆਰਪੁਰ ਵਿੱਚ ਸੰਬੰਧਤ ਜਿਲਾ ਪੁਲਿਸ ਮੁਖੀ ਅਨੁਸੂਚਿਤ ਜਾਤੀਆਂ ਅਤੇ ਗਰੀਬਾਂ ਦੀਆਂ ਸ਼ਿਕਾਇਤਾਂ ਸੁਣਨ ਪ੍ਰਤੀ ਸਮੇਂ ਸਿਰ ਫੋਨ ਵੀ ਨਹੀ ਚੁੱਕਦੇ, ਉੱਥੇ ਪੰਜਾਬ ਪੁਲਿਸ ਤੇ ਨਸ਼ਾ ਤਸਕਰਾਂ ਦੀ ਮਿਲੀ ਭੁਗਤ ਨਾਲ ਵੱਡੇ ਪੱਧਰ ਤੇ ਨਸ਼ਾ ਵਿਕ ਰਿਹਾ ਹੈ। ਜਿਸਦੀ ਉਦਾਹਰਨ ਕਸਬਾ ਨਸਰਾਲਾ ਦੇ ਦੋ ਸਕੇ ਭਰਾ ਨਸ਼ੇ ਨਾਲ ਮਰੇ। ਜਦੋਂ ਇਨਸਾਫ ਹਿੱਤ ਵੱਡੇ ਰੋਸ਼ ਮੁਜਾਹਰੇ ਬਸਪਾ ਨੇ ਕੀਤੇ, ਤਾਂ ਪੀੜਿਤ ਪਰਿਵਾਰਾਂ ਨੂੰ ਪੁਲਿਸ ਦਹਿਸ਼ਤ ਕਰਕੇ ਕੇਸ ਦਰਜ ਕਰਨ ਤੋਂ ਮੁਨਕਰ ਹੋਣਾ ਪਿਆ। ਜਦੋਂ ਕਿ ਜਲੰਧਰ ਜਿਲੇ ਦਾ ਪੁਲਿਸ ਕਮਿਸ਼ਨਰ ਸ੍ਰੀ ਕੁਲਦੀਪ ਚਾਹਲ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਗਰੀਬਾਂ ਉਪਰ ਵੱਡੇ ਪੱਧਰ ਤੇ ਝੂਠੇ ਪਰਚੇ ਦਰਜ ਕੀਤੇ ਗਏ ਜਿਸ ਤਹਿਤ 23 ਜੁਲਾਈ 2023 ਨੂੰ 163 ਅਨੁਸੂਚਿਤ ਜਾਤੀਆਂ ਭਾਈਚਾਰੇ ਅਤੇ ਗਰੀਬਾਂ ਦੇ ਆਗੂਆਂ ਤੇ ਝੂਠੇ ਪਰਚੇ ਦਰਜ ਕਰਨ ਦਾ ਕੇਸ ਸ਼ਾਮਿਲ ਹੈ। ਜਦੋਂ ਕਿ ਇਸ ਤੋਂ ਪਹਿਲਾਂ ਬਸਪਾ ਸੂਬਾ ਜਨਰਲ ਸਕੱਤਰ ਸ੍ਰੀ ਬਲਵਿੰਦਰ ਕੁਮਾਰ ਤੇ ਨਿੱਜੀ ਰੰਜਿਸ਼ ਨਾਲ ਜਲੰਧਰ ਦੇ ਕਮਿਸ਼ਨਰ ਪੁਲਿਸ ਕੁਲਦੀਪ ਚਾਹਲ ਨੇ ਗੁੰਡਾਗਰਦੀ ਕੀਤੀ।

AI BHEEM

≡BSP≡

JAI BHARAT

# BAHUJAN SAMAJ PARTY PUNJAB

*Jasvir Singh 'Garhi'*
**PRESIDENT**
**STATE PUNJAB**
Residence :
VPO Garhi Kanugo, Tehsil Balachaur
Distt. Shaheed Bhagat Singh Nagar (Punjab) India
Mobile : 9478 670 587

**State Office Punjab:**
138, Tower Enclave, Phase-1
Nakodar Road, Jalandhar.
Tel: 0181-2685258 (O)
**Central Office:**
4, Gurdwara Rakabganj Road,
New Delhi
Tel: 011-227-13257 (O)

Ref. No. ......................................

Dated ......................................

ਇਕ ਹੋਰ ਕੇਸ ਮਈ 2023 ਵਿੱਚ ਜਲੰਧਰ ਪੁਲਿਸ ਕਮਿਸ਼ਨਰ ਕੁਲਦੀਪ ਚਾਹਲ ਜਾਤੀਵਾਦੀ ਮਾਨਸਿਕਤਾ ਵਾਲਾ ਚਰਿੱਤਰ ਸਾਹਮਣੇ ਆਇਆ ਹੈ ਹੈ। ਜਿਸ ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਮੁੱਦਾ ਲੈਕੇ ਸੜਕਾਂ ਤੇ ਉੱਤਰੇ ਦਲਿਤ ਭਾਈਚਾਰੇ ਦੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਤੇ ਨਿਰਦਈਪੁਣੇ ਨਾਲ ਲਾਠੀਚਾਰਜ ਕੀਤਾ। ਇਹ ਦਲਿਤ ਵਰਗ ਦੇ ਵਿਦਿਆਰਥੀ ਤੇ ਵਿਦਿਆਰਥਣਾਂ ਪੰਜਾਬ ਸਰਕਾਰ ਦੇ ਨਿਰਦਈਪਣੇ ਅੱਗੇ ਬੇਵੱਸ ਹੋ ਗਏ। ਸਰਕਾਰ ਤੱਕ ਮੰਗ ਨਾ ਪੁੱਜ ਸਕੀ ਤੇ ਦਲਿਤ ਵਰਗ ਦੇ ਇਹਨਾ ਵਿਦਿਆਰਥੀਆਂ ਦਾ ਇੱਕ-ਇੱਕ ਸਾਲ ਖਰਾਬ ਹੋ ਗਿਆ ਤੇ ਆਪਣੇ ਪੇਪਰ ਦੇਣ ਤੋਂ ਵਾਂਝੇ ਹੋ ਗਏ। ਜਦੋਂਕਿ ਪੰਜਾਬ ਸਰਕਾਰ ਢੀਠਤਾਈ ਨਾਲ ਦਲਿਤ ਵਿਰੋਧੀ ਅਫ਼ਸਰਾਂ ਨੂੰ ਦਲਿਤ ਬਹੁਲ ਆਬਾਦੀ ਵਿੱਚ ਜੁਲਮ ਅੱਤਿਆਚਾਰ ਕਰਨ ਲਈ ਡਿਊਟੀ ਤੇ ਲਗਾਕੇ ਰੱਖ ਰਹੀ ਹੈ। ਜੋਕਿ ਪੰਜਾਬ ਦੀ ਸੰਵਿਧਾਨਕ ਵਿਵਸਥਾ ਲਈ ਗੰਭੀਰ ਹਾਲਤ ਪੈਦਾ ਕਰ ਸਕਦਾ ਹੈ।

ਇਸ ਤੋਂ ਇਲਾਵਾ ਪੂਰੇ ਪੰਜਾਬ ਵਿੱਚ ਜ਼ਿਆਦਾਤਰ ਪੁਲਿਸ ਮੁਖੀ ਅਨੁਸੂਚਿਤ ਜਾਤੀਆਂ ਭਾਈਚਾਰੇ ਅਤੇ ਗਰੀਬਾਂ ਦੀਆਂ ਸ਼ਿਕਾਈਤਾਂ ਪ੍ਰਤੀ ਉਵੇਸਲੇ ਢੰਗ ਨਾਲ ਨਿਕੰਮੀ ਕਾਰਗੁਜਾਰੀ ਦਾ ਮੁਜਾਹਰਾ ਕਰਦੇ ਹੋਏ ਅਨੁਸੂਚਿਤ ਜਾਤੀਆਂ ਭਾਈਚਾਰੇ ਅਤੇ ਗਰੀਬਾਂ ਨੂੰ ਪ੍ਰੇਸ਼ਾਨ ਕਰਦੇ ਹਨ। ਜਿਸ ਦੀ ਉਦਾਹਰਨ ਮਲੇਰਕੋਟਲਾ ਵਿਖੇ ਕੁੱਪਕਲਾਂ ਦੇ ਅਨੁਸੂਚਿਤ ਜਾਤੀਆਂ ਭਾਈਚਾਰੇ ਅਤੇ ਗਰੀਬਾਂ ਨਾਲ ਹੋਈ ਬੇਇਨਸਾਫੀ ਹੈ।

**ਲਾਅ ਅਫਸਰਾਂ ਦੀ ਨਿਯੁਕਤੀ**

ਮੁੱਦੇ ਤੇ ਧਿਆਨ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ 17 ਮਹੀਨਿਆਂ ਵਿੱਚ ਲਾਅ-ਅਫਸਰਾਂ ਦੀ ਨਿਯੁਕਤੀ ਦੇ ਮਾਮਲੇ ਵਿੱਚ ਇੱਕ ਵੀ ਅਨੁਸੂਚਿਤ ਜਾਤੀ ਦੇ ਅਫਸਰ ਦੀ ਭਰਤੀ ਨਹੀਂ ਕੀਤੀ, ਜਦੋਂ ਕਿ 58 ਪੋਸਟਾਂ ਦਲਿਤ ਵਰਗ ਦੇ ਲਾਅ-ਅਫਸਰਾਂ ਦੀਆਂ ਨੋਟੀਫਾਈ ਕੀਤੀਆਂ ਗਈਆਂ ਸਨ। ਪੰਜਾਬ ਸਰਕਾਰ ਦੀ ਅਜਿਹੀ ਜਾਤੀਵਾਦੀ ਨੀਤੀ ਅਨੁਸੂਚਿਤ ਜਾਤੀਆਂ ਦੇ ਪੜ੍ਹੇ ਲਿਖੇ ਵਕੀਲਾਂ ਨਾਲ ਧੱਕਾ ਸਿੱਧ ਹੋ ਰਿਹਾ ਹੈ।

JAI BHEEM

BSP

# BAHUJAN SAMAJ PARTY PUNJAB

JAI BHARAT

*Jasvir Singh 'Garhi'*
**PRESIDENT**
**STATE PUNJAB**
Residence :
VPO Garhi Kanugo, Tehsil Balachaur
Distt. Shaheed Bhagat Singh Nagar (Punjab) India
Mobile : 9478 670 587

**State Office Punjab:**
138, Tower Enclave, Phase-1
Nakodar Road, Jalandhar.
Tel: 0181-2685258 (O)
**Central Office:**
4, Gurdwara Rakabganj Road,
New Delhi
Tel: 011-227-13257 (O)

Ref. No. ..................................... Dated ....................................

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਨੂੰ ਪੂਰੇ ਸੂਬੇ ਵਿੱਚ ਜ਼ੁਲਮ ਅਤਿਆਚਾਰ ਦਾ ਸ਼ਿਕਾਰ ਬਣਾਉਣ ਹਿੱਤ ਪ੍ਰਸ਼ਾਸ਼ਨ ਤੇ ਜਾਤੀਵਾਦੀ ਜਗੀਰੂ ਸੋਚ ਦੇ ਢਾਂਚੇ ਨੂੰ ਖੁੱਲਾ ਛੱਡਿਆ ਹੋਇਆ ਹੈ ਜਿਸ ਤਹਿਤ ਪਿਛਲੇ 17 ਮਹੀਨਿਆਂ ਦੇ ਕਾਰਜਕਾਲ ਵਿੱਚ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਤੱਕ ਨਹੀਂ ਹੋਈ, ਸਗੋਂ ਕਮਿਸ਼ਨ ਦੇ ਮੈਂਬਰਾਂ ਦੀ ਕੁੱਲ ਗਿਣਤੀ 10 ਤੋਂ ਘਟਾ ਕੇ 5 ਕਰ ਦਿੱਤੀ ਅਤੇ ਅੱਜ ਕਮਿਸ਼ਨ ਦਾ ਢਾਂਚਾ ਖੇਰੂੰ ਖੇਰੂੰ ਕਰ ਦਿੱਤਾ ਹੈ। ਜਿਸ ਨਾਲ ਸਮੁੱਚੇ ਪੰਜਾਬ ਅਨੁਸੂਚਿਤ ਜਾਤੀਆਂ ਦੇ ਲੋਕ ਆਪਣੇ ਆਪ ਨੂੰ ਲਾਵਾਰਿਸ ਸਮਝ ਰਹੇ ਹਨ।

ਅਨੁਸੂਚਿਤ ਜਾਤੀਆਂ ਦੇ ਨਾਮ ਤੇ ਬਣੇ ਜਾਅਲੀ ਸਰਟੀਫਿਕੇਟ

ਉਪਰੋਕਤ ਮੁੱਦੇ ਤੋਂ ਪੰਜਾਬ ਦਾ ਹਰ ਅਨੁਸੂਚਿਤ ਜਾਤੀ ਦਾ ਵਿਆਕਤੀ ਪ੍ਰਭਾਵਿਤ ਮਹਿਸੂਸ ਕਰ ਰਿਹਾ ਹੈ। ਪਿਛਲੇ 100 ਦਿਨਾਂ ਤੋਂ ਇਸ ਮੁੱਦੇ ਨੂੰ ਲੈ ਕੇ ਸਮਾਜ ਦੇ ਲੋਕ ਪੰਜਾਬ ਦੇ ਵੱਖ ਵੱਖ ਸਥਾਨਾਂ ਤੇ ਧਰਨਾ ਪ੍ਰਦਰਸ਼ਨ ਕਰ ਰਹੇ ਹਨ। ਜਾਤੀਵਾਦੀ ਮਾਨਸਿਕਤਾ। ਤਹਿਤ ਪੰਜਾਬ ਸਰਕਾਰ ਇਸ ਮੁੱਦੇ ਤੇ ਚੁੱਪ ਹੈ ਤੇ ਜੰਗੀ ਪੱਧਰ ਉਪਰ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਨ ਤੋਂ ਆਨਾਕਾਨੀ ਕਰ ਰਹੀ ਹੈ।

**ਹੜ੍ਹ ਪੀੜਿਤ ਗਰੀਬਾਂ ਲਈ ਮੁਆਵਜਾ**

ਪੰਜਾਬ ਅੱਜ ਹੜ੍ਹਾਂ ਦੀ ਮਾਰ ਹੇਠ ਹੈ। ਪੰਜਾਬ ਸਰਕਾਰ ਦਾ ਢਿੱਲਮੁੱਲ ਰਵੱਈਆ ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦੇ ਦੁੱਖ ਵਧਾਉਣ ਵਾਲਾ ਹੈ। ਸਾਡੀ ਅਪੀਲ ਹੈ ਕਿ ਕਿਸਾਨਾਂ

ਅਤੇ ਖੇਤੀ ਦੀ ਗਿਰਦਾਵਰੀ ਦੇ ਨਾਲ ਨਾਲ ਜਾਤੀ ਧਰਮ ਦੇ ਵਿਤਕਰੇ ਤੋਂ ਉਪਰ ਉੱਠਕੇ ਗਰੀਬਾਂ ਅਤੇ ਮਜ਼ਦੂਰਾਂ ਦੇ ਕੱਚੇ ਮਕਾਨਾਂ, ਚੋਂਦੇ ਮਕਾਨਾਂ ਤੇ ਡਿੱਗੇ ਮਕਾਨਾਂ ਦਾ ਮੁਆਵਜਾ ਵੀ ਤੁਰੰਤ ਹੀ ਦਿੱਤਾ ਜਾਏ। ਇਸ ਦੇ ਨਾਲ ਨਾਲ ਗਰੀਬਾਂ ਮਜਦੂਰਾਂ ਨੂੰ ਵੀ ਰੈੱਡ ਕਰਾਸ ਫੰਡਾਂ ਤਹਿਤ ਇਕ ਇਕ ਮਹੀਨੇ ਦਾ ਖ਼ਰਚ ਪਾਣੀ ਭੱਤਾ ਦਿੱਤਾ ਜਾਵੇ, ਕਿਉਂਕਿ ਖਰਾਬ ਮੌਸਮ ਵਿਚ ਉਹ ਲੋਕ ਕੰਮ ਕਿੱਤੇ ਤੋਂ ਵਿਹਲੇ ਘਰਾਂ ਵਿੱਚ ਬੈਠੇ ਰਹੇ।

BAHUJAN SAMAJ PARTY PUNJAB
BSP
JAI BHARAT
Jasvir Singh 'Garhi'
PRESIDENT
STATE PUNJAB
Residence :
VPO Garhi Kanugo, Tehsil Balachaur
Distt. Shaheed Bhagat Singh Nagar (Punjab) India
Mobile : 9478 670 587

BSP
BAHUJAN SAMAJ PARTY

State Office Punjab:
138, Tower Enclave, Phase-1
Nakodar Road, Jalandhar.
Tel: 0181-2685258 (O)
Central Office:
4, Gurdwara Rakabganj Road,
New Delhi
Tel: 011-227-13257 (O)

Ref. No. BSP-GOV 1823/2

Dated 01-08-2023

ਮਣੀਪੁਰ ਦੇ ਦਲਿਤ ਆਦਿਵਾਸੀਆਂ ਤੇ ਔਰਤਾਂ ਦੇ ਇਨਸਾਫ ਹਿੱਤ

ਸਾਡੀ ਅਪੀਲ ਹੈ ਕਿ ਮਣੀਪੁਰ ਵਿੱਚ ਦਲਿਤ ਆਦਿਵਾਸੀਆਂ ਤੇ ਔਰਤਾਂ ਤੇ ਵੱਡੇ ਪੱਧਰ ਤੇ ਜ਼ੁਲਮ ਅੱਤਿਆਚਾਰ ਹੋ ਰਹੇ ਹਨ ਜਿੱਥੇ ਸੂਬੇ ਵਿੱਚ ਖਾਨਾਜੰਗੀ ਦਾ ਮਾਹੌਲ ਪਿਛਲੇ ਤਿੰਨ ਮਹੀਨਿਆਂ ਤੋਂ ਜਾਰੀ ਹੈ ਜਿਸ ਨੂੰ ਲੈਕੇ ਸੂਬੇ ਦੇ ਅਨੁਸੂਚਿਤ ਜਾਤੀਆਂ ਤੇ ਧਾਰਮਿਕ ਘੱਟਗਿਣਤੀਆਂ ਵਿੱਚ ਬਹੁਤ ਰੋਸ ਹੈ। ਇਸ ਲਈ ਮਨੀਪੁਰ ਵਿਖੇ ਢੁਕਵੀਂ ਸੰਵਿਧਾਨਿਕ ਕਾਰਵਾਈ ਕਰਦੇ ਹੋਏ ਦਲਿਤਾਂ ਆਦਿਵਾਸੀਆਂ ਤੇ ਧਾਰਮਿਕ ਘੱਟਗਿਣਤੀਆਂ ਦਾ ਜੀਵਨ ਸੁਖਾਲਾ ਕੀਤਾ ਜਾਵੇ ਜੀ। ਇਸ ਲਈ ਜਰੂਰ ਕੇਂਦਰ ਸਰਕਾਰ ਤੱਕ ਬਹੁਜਨ ਸਮਾਜ ਦੀ ਗੱਲ ਪੁੱਜਦੀ ਕੀਤੀ ਜਾਵੇ ਜੀ।

ਉਪਰੋਕਤ ਮੁੱਦਿਆਂ ਦੇ ਮੱਦੇਨਜਰ ਆਪ ਜੀ ਨੂੰ ਬੇਨਤੀ ਹੈ ਕਿ ਤੁਰੰਤ ਕਾਰਵਾਈ ਕਰਦੇ ਹੋਏ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਦੁਵਾਇਆ ਜਾਵੇ ਜੀ।

ਧੰਨਵਾਦ ਸਹਿਤ
Jasvir Singh 1/8/2023
STATE PRESIDENT
BSP - PUNJAB.

Ajit Singh 'Bhaini'
Incharge
Punjab Kendl BSP.

Nachhatarpal
Dr. Nachhatar Pal
MLA-Nawanshahr
Distt. S.B.S. Nagar

Gurlal Singh
Gen. Secy BSP
Punjab

Jaspreet Singh.
Gen. Sec. BSP.
Punjab.